Frimley Health and Care

# ਜੇ ਤੁਸੀ ਗਰਭਵਤੀ ਹੋ ਅਤੇ ਤੁਹਾਡੀ ਪਛਾਣ ਕਾਲੇ, ਏਸ਼ਿਆਈ ਜਾਂ ਕਿਸੇ ਹੋਰ ਘੱਟਗਿਣਤੀ ਨਸਲੀ-ਮੂਲ (BAME) ਵਜੋਂ ਹੁੰਦੀ ਹੈ,

## ਤਾਂ ਅਸੀ ਚਾਹੁੰਦੇ ਹਾਂ ਕਿ ਤੁਹਾਨੂੰ ਇਹ ਪਤਾ ਹੋਵੇ...



- ਜਦੋਂ ਤੁਹਾਨੂੰ ਜਣੇਪੇ ਦੀ ਪੀੜ ਹੋ ਰਹੀ ਹੋਵੇ, ਤਾਂ ਬਰਥ-ਪਾਰਨਟਰ (ਜੰਮਣ-ਪੀੜ ਸਮੇਂ ਤੁਹਾਡੀ ਵਿਹਾਰਕ ਅਤੇ ਜਜ਼ਬਾਤੀ ਸਹਾਇਤਾ ਕਰਨ ਵਾਲੀ ਔਰਤ/ਮਰਦ), ਜਿਸ ਨੂੰ ਕਿ ਕੋਵਿਡ-19 ਦੇ ਲੱਛਣ ਨਹੀ ਹਨ, ਤੁਹਾਡੀ ਮਦਦ ਕਰਨ ਲਈ ਤੁਹਾਡੇ ਨਾਲ ਹੋਵੇ।
- ਸਾਡੀਆਂ ਆਹਮੋ-ਸਾਹਮਣੇ ਦੀਆਂ ਅਤੇ ਟੈਲੀਫੋਨ 'ਤੇ ਅਨੁਵਾਦ ਸੇਵਾਵਾਂ ਉਪਲਬਧ ਹਨ। ਕਿਰਪਾ ਕਰਕੇ ਆਪਣੀ ਦਾਈ ਨੂੰ ਪੁੱਛੋ।
- ਜਦੋਂ ਤੁਸੀ ਵਾਰਡ ਵਿੱਚ ਹੁੰਦੇ ਹੋ, ਤਾਂ ਸਾਡਾ ਸਟਾਫ਼ ਤੁਹਾਡੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ।

**ਤੁਸੀਂ ਇਕੱਲੇ ਨਹੀਂ ਹੋ।**



ASCOT • BRACKNELL • FARNHAM • MAIDENHEAD • NORTH EAST HAMPSHIRE • SLOUGH • SURREY HEATH • WINDSOR

## ਆਪਣੇ ਨਸਲੀ-ਮੂਲ ਕਰਕੇ, ਕੀ ਤੁਹਾਨੂੰ ਆਪਣੇ ਗਰਭ ਜਾਂ ਆਪਣੀ ਜੱਚਾ-ਬੱਚਾ ਸੰਭਾਲ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ?

ਕੋਵਿਡ-19 ਮਹਾਮਾਰੀ ਦੌਰਾਨ ਕੀਤੀ ਗਈ ਖੋਜ ਤੋਂ ਪਤਾ ਚੱਲਿਆ ਹੈ ਕਿ ਕਾਲੇ, ਏਸ਼ਿਆਈ ਅਤੇ ਕਿਸੇ ਹੋਰ ਘੱਟਗਿਣਤੀ ਨਸਲੀ-ਮੂਲ (BAME) ਦੇ ਪਿਛਕੋੜ ਵਾਲੀਆਂ ਔਰਤਾਂ ਨੂੰ ਕੋਵਿਡ-19 ਦੇ ਗੰਭੀਰ ਲੱਛਣ ਹੋਣ ਦੀ ਸੰਭਾਵਨਾ ਗੋਰੀਆਂ ਔਰਤਾਂ ਨਾਲੋਂ 4 ਗੁਣਾ ਵੱਧ ਹੈ, ਜਿਸ ਕਰਕੇ ਉਹਨਾਂ ਨੂੰ ਹਸਪਤਾਲ ਵਿੱਚ ਦਾਖ਼ਲ ਹੋਣਾ ਪੈਂਦਾ ਹੈ।

ਅਜਿਹਾ ਕਿਉਂ ਹੁੰਦਾ ਹੈ ਇਸ ਦੇ ਕਾਰਣ ਦਾ ਪਤਾ ਲਾਉਣ ਲਈ ਖੋਜ ਚੱਲ ਰਹੀ ਹੈ, ਤਾਂਕਿ ਅਸੀ ਤੁਹਾਨੂੰ ਢੁਕਵੀ ਸੰਭਾਲ ਮੁਹੱਈਆ ਕਰ ਸਕੀਏ।

ਇਹਨਾਂ ਬੇਯਕੀਨੀ ਵਾਲੇ ਸਮਿਆਂ ਵਿੱਚ, ਹਸਪਤਾਲ ਵਿੱਚ ਆਉਣ ਜਾਂ ਠਹਿਰਣ ਦੇ ਆਪਣੇ ਅਨੁਭਵ ਬਾਰੇ, ਤੁਹਾਨੂੰ ਚਿੰਤਾਵਾਂ ਹੋ ਸਕਦੀਆਂ ਹਨ, ਜਿਹਨਾਂ ਬਾਰੇ ਅਸੀ ਤੁਹਾਡੀ ਮਦਦ ਕਰਨਾ ਚਾਹੁੰਦੇ ਹਾਂ।

ਜੇ ਤੁਹਾਨੂੰ ਕੋਵਿਡ-19 ਦੇ ਕੋਈ ਵੀ ਲੱਛਣ ਮਹਿਸੂਸ ਹੋ ਰਹੇ ਹਨ, ਤਾਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕਰਨ ਲਈ, ਤੁਹਾਡੀ ਮਿਡਵਾਈਫ਼ ਦਾਈ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਹਰ ਜਾਂਚ 'ਤੇ ਤੁਹਾਨੂੰ ਪੁੱਛੇਗੀ।

ਜੇ ਤੁਹਾਨੂੰ ਸਿਰਫ਼ ਕੋਵਿਡ-19 ਦੇ ਲੱਛਣ ਹਨ, ਤਾਂ ਕਿਰਪਾ ਕਰਕੇ 111 'ਤੇ ਕਾੱਲ ਕਰੋ ਅਤੇ ਉਹ ਤੁਹਾਨੂੰ ਸਲਾਹ ਦੇਣ ਵਿਚ ਸਮਰੱਥ ਹੋਣਗੇ।

ਜੇ ਤੁਹਾਨੂੰ ਕੋਵਿਡ-19 ਦੇ ਲੱਛਣ ਹਨ ਅਤੇ ਗਰਭ ਸਬੰਧੀ ਕੋਈ ਹੋਰ ਸਮੱਸਿਆ ਹੈ, ਤਾਂ ਕਿਰਪਾ ਕਰਕੇ ਇੱਥੇ ਕਾੱਲ ਕਰੋ:

**ਫ਼ਿਰ੍ਮਲੇ ਟਿਰ੍ਆਜ਼ 01276 604527**
**ਵੈਕਸਹੈਮ MAC (ਜੱਚਾ-ਬੱਚਾ ਮੁਲਾਂਕਣ ਸੈਂਟਰ) 01753 634520**

ਲਾਈਨਾਂ ਦਿਨ ਵਿੱਚ 24 ਘੰਟੇ ਖੁੱਲਹ੍ਹੀਆਂ ਰਹਿੰਦੀਆਂ ਹਨ।

ਇਹਨਾਂ ਲੱਛਣਾਂ ਤੋਂ ਚੌਕਸ ਰਹਿਣ ਦੀ ਲੋੜ ਹੁੰਦੀ ਹੈ:

- ਪਿਛਲੇ 24 ਘੰਟਿਆਂ ਵਿੱਚ ਵਧਿਆ ਹੋਇਆ ਤਾਪਮਾਨ ਜਾਂ ਬੁਖ਼ਾਰ ਮਹਿਸੂਸ ਕੀਤਾ ਗਿਆ
- ਖੰਘ
- ਫ਼ਲੂ ਵਰਗੇ ਲੱਛਣ
- ਸੁਆਦ ਅਤੇ/ਜਾਂ ਮਹਿਕ ਦਾ ਮਹਿਸੂਸ ਨਾ ਹੋਣਾ

ਜੇ ਤੁਹਾਡੀਆਂ ਕੋਈ ਚਿੰਤਾਵਾਂ ਹਨ ਕਿ ਤੁਹਾਡੇ ਨਸਲੀ ਮੂਲ ਕਰਕੇ ਤੁਹਾਨੂੰ ਮਿਲ ਰਹੀ ਸੰਭਾਲ ਦੀ ਕਿਸਮ 'ਤੇ ਅਸਰ ਪੈ ਸਕਦਾ ਹੈ, ਤਾਂ ਤੁਸੀ ਇੱਥੇ ਕਾੱਲ ਕਰ ਸਕਦੇ ਹੋ:-

- **ਮਰੀਜ਼ ਨੂੰ ਸਲਾਹ ਬਾਰੇ ਤਾਲਮੇਲ ਸੇਵਾ** (PALS) **01276 526530** (ਫ਼ਿਰ੍ਮਲੇ ਪਾਰਕ) ਜਾਂ **01753 633365** 'ਤੇ (ਵੈਕਸਹੈਮ ਪਾਰਕ)।

## ਤੁਹਾਡੀ ਮਦਦ ਲਈ ਅਸੀ ਮੌਜੂਦ ਹਾਂ।

**ਫ਼ਿਰ੍ਮਲੇ ਅਤੇ ਵੈਕਸਹੈਮ ਪਾਰਕ ਜੱਚਾ-ਬੱਚਾ ਹਸਪਤਾਲਾਂ ਤੋ**

ਇਹ ਸੰਚਾਰ ਫ਼ਿਰ੍ਮਲੇ ਐਂਡ ਵੈਕਸਹੈਮ ਮੈਟਰਨਿਟੀ ਵੋਇਸਿਜ਼ ਪਾਰਟਨਰਸ਼ਿਪ ਨੇ ਮਿਲਕੇ ਤਿਆਰ ਕੀਤਾ ਹੈ।

CS51676 NHS Creative 2020